# ਸਮਰੱਥਾ ਵਾਲੇ ਪੁੱਤਰ ਅਤੇ ਧੀਆਂ

ਫ੍ਰੈਂਕਲਿਨ ਦੇ ਨੋਟਸ

1 ਕੁਰਿੰਥੀਆਂ 4:20 **ਪਰਮੇਸ਼ੁਰ ਦਾ ਰਾਜ** ਗੱਲਾਂ ਵਿੱਚ ਤਾਂ ਨਹੀਂ ਸਗੋਂ **ਸਮਰੱਥਾ** ਵਿੱਚ ਹੈ।

ਪੌਲੁਸ ਨੇ ਕਿਹਾ: 1 ਕੁਰਿੰਥੀਆਂ 2:4-5 ਅਤੇ ਮੇਰਾ ਬਚਨ ਅਤੇ ਮੇਰਾ ਪਰਚਾਰ ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ **ਨਹੀਂ** ਸਗੋਂ **ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ।** 5ਤਾਂ ਜੋ **ਤੁਹਾਡੀ ਨਿਹਚਾ** ਮਨੁੱਖਾਂ ਦੀ ਬੁੱਧ ਉੱਤੇ **ਨਹੀਂ** ਸਗੋਂ **ਪਰਮੇਸ਼ੁਰ ਦੀ ਸਮਰੱਥਾ ਉੱਤੇ ਠਹਿਰੇ।**

- **ਬਹੁਤ ਸਾਰੇ ਲੋਕ ਚਿੰਨ੍ਹ, ਚਮਤਕਾਰ,** ਸੁਫ਼ਨੇ, ਦਰਸ਼ਣ, **ਚੰਗਾਈ ਵੇਖਣ ਨਾਲ ਵਿਸ਼ਵਾਸ ਵਿੱਚ ਆਉਂਦੇ ਹਨ** . . . ਵਿਵਾਦ ਜਾਂ ਚਰਚਾ ਨਾਲੋਂ।

ਯਿਸੂ ਸਾਡਾ ਉਦਾਹਰਣ ਹੈ: ਰੋਮੀਆਂ 1:3-4 ਆਪਣੇ ਪੁੱਤਰ ਦੇ ਹੱਕ 4ਅਤੇ ਪਵਿੱਤਰਤਾਈ ਦੇ ਆਤਮਾ ਦੇ ਸਰਬੰਧ ਕਰਕੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ **ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ** ਸਾਡਾ ਪ੍ਰਭੂ ਯਿਸੂ ਮਸੀਹ **ਮਿਥਿਆ ਗਿਆ।**

- ਯਿਸੂ ਮਸੀਹ ਲਈ ਇਹ ਹੋਣ ਦੀ ਘੋਸ਼ਣਾ ਕੀਤੀ ਗਈ, ਅਤੇ ਉਸ ਕੋਲ ਗਵਾਹੀ ਅਤੇ ਸਬੂਤ ਹੈ -> ਕਿ ਉਹ, **ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ** ਹੈ।

- ਉਸ ਨੇ ਬਿਮਾਰਾਂ ਨੂੰ ਚੰਗਾ ਕੀਤਾ / ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ / ਮੁਰਦਿਆਂ ਨੂੰ ਜਿਵਾਲਿਆ / ਭੂਤਾਂ ਨੂੰ ਕੱਢਿਆ / ਹਵਾ ਨੂੰ ਸ਼ਾਂਤ ਕੀਤਾ / ਪਾਣੀ ਉੱਤੇ ਚੱਲਿਆ / ਭੋਜਨ ਨੂੰ ਵਧਾਇਆ / ਪਾਣੀ ਨੂੰ ਮੈ ਵਿੱਚ ਬਦਲਿਆ / ਅਤੇ . . .

- **ਅਸੀਂ ਵੀ** ਜਾਂ ਤਾਂ **ਪਰਮੇਸ਼ੁਰ ਦੀ ਸੰਤਾਨ** ਹਾਂ (ਗਲਾਤੀਆਂ 4:1) ਜਾਂ **ਪਰਮੇਸ਼ੁਰ ਦੀ ਸਮਰੱਥਾ ਵਾਲੇ ਪੁੱਤਰ** (ਪਰਿਪੱਕ) ਹਾਂ, ਅਤੇ ਮਸੀਹ ਨਾਲ ਮੁਰਦਿਆਂ ਵਿੱਚੋਂ ਜਿਵਾਲੇ ਗਏ ਹਾਂ। (ਅਫਸੀਆਂ 2:5-6 ਰੋਮੀਆਂ 6:4)

- ਜਦੋਂ ਅਸੀਂ ਨਵਾਂ ਜਨਮ ਪ੍ਰਾਪਤ ਕਰ ਲੈਂਦੇ ਹਾਂ ਤਾਂ ਅਸੀਂ ਪਰਮੇਸ਼ੁਰ ਦੀ ਸੰਤਾਨ ਕਹਾਉਂਦੇ ਹਾਂ। ਕਿਉਂਕਿ ਪਰਮੇਸ਼ੁਰ ਦਾ ਆਤਮਾ ਸਾਨੂੰ **ਸਿਖਾਉਣ** ਲਈ, ਸਾਡੀ **ਅਗਵਾਈ** ਕਰਨ ਲਈ ਅਤੇ "ਪਰਮੇਸ਼ੁਰ ਦੀਆਂ ਗੱਲਾਂ" ਸਾਡੇ ਉੱਤੇ **ਪਰਗਟ** ਕਰਨ ਲਈ ਸਾਡੇ ਅੰਦਰ ਵਾਸ ਕਰਦਾ ਹੈ। ਜੇ ਅਸੀਂ ਉਜਾੜ ਵਿੱਚ ਰਹਿੰਦੇ ਹੋਏ ਅਤੇ ਬਾਰ-ਬਾਰ ਇੱਕੋ ਪਹਾੜ ਦੇ ਚੱਕਰ ਲਗਾਉਂਦੇ ਹੋਏ ਪਵਿੱਤਰ ਆਤਮਾ ਨੂੰ ਨਹੀਂ "ਬੁਝਾ*" ਰਹੇ ਹਾਂ (*1 ਥੱਸਲੁਨੀਕੀਆਂ 5:19) ਤਾਂ ਸਾਡੇ ਕੋਲ ਬੱਚੇ ਹੀ ਰਹਿਣ ਲਈ ਕੋਈ ਬਹਾਨਾ ਨਹੀਂ ਹੈ।

ਪੌਲੁਸ ਨੇ ਕੁਰਿੰਥੀਆਂ ਦੀ ਕਲੀਸੀਆ ਨੂੰ ਇਸ ਦੇ ਵਿਖੇ ਇਹ ਕਿਹਾ:

1 ਕੁਰਿੰਥੀਆਂ 3:1-3 ਹੇ ਭਰਾਵੋ, **ਮੈ ਤੁਹਾਡੇ ਨਾਲ ਐੱਦਾਂ ਨਾ ਬੋਲ ਸੱਕਿਆ ਜਿੱਦਾਂ ਆਤਮਕਾਂ ਨਾਲ ਬੋਲੀਦਾ ਹੈ**। ਹਾਂ, ਜਿੱਦਾਂ ਓਹਨਾਂ ਨਾਲ ਜਿਹੜੇ ਮਸੀਹ ਵਿੱਚ **ਨਿਆਣੇ** ਹਨ। 2 ਮੈਂ ਤੁਹਾਨੂੰ **ਦੁੱਧ** ਪਿਆਇਆ, ਅੰਨ ਨਹੀਂ ਖੁਵਾਇਆ ਕਿਉਂ ਜੋ ਅਜੇ ਤੁਸੀਂ ਓਹਦੇ ਜੋਗੇ ਨਹੀਂ ਸਾਓ ਸਗੋਂ ਹੁਣ ਭੀ ਓਹਦੇ ਜੋਗੇ ਨਹੀਂ ਹੋ। 3 **ਤੁਸੀਂ ਹੁਣ ਤੀਕ ਸਰੀਰਕ ਹੋ** ਕਿਉਂਕਿ ਜਦੋਂ ਜਲਣ ਅਤੇ ਝਗੜੇ ਤੁਹਾਡੇ ਵਿੱਚ ਹਨ ਤਾਂ ਕੀ ਤੁਸੀਂ ਸਰੀਰਕ ਨਹੀਂ ਅਤੇ ਇਨਸਾਨੀ ਚਾਲ ਨਹੀਂ ਚੱਲਦੇ? ਜਲਣ ਅਤੇ ਝਗੜੇ ਨਿਆਣਪੁਣੇ ਦੀ ਨਿਸ਼ਾਨੀ ਹਨ।

ਇਬਰਾਨੀਆਂ 5:11-14 ਉਹ ਦੇ ਵਿਖੇ ਅਸਾਂ ਬਹੁਤ ਕੁਝ ਆਖਣਾ ਹੈ ਜਿਹਦਾ **ਅਰਥ ਕਰਨਾ ਔਖਾ** ਹੈ ਇਸ ਲਈ ਜੋ **ਤੁਸੀਂ ਕੰਨਾਂ ਤੋਂ ਬੋਲੇ ਹੋ ਗਏ ਹੋ**। 12 ਕਿਉਂ ਜੋ ਚਿਰ ਹੋਣ ਕਰਕੇ ਤੁਹਾਨੂੰ **ਉਪਦੇਸ਼ਕ ਹੋਣਾ ਚਾਹੀਦਾ** ਸੀ ਪਰ ਤੁਹਾਨੂੰ ਲੋੜ ਹੈ ਭਈ ਕੋਈ **ਤੁਹਾਨੂੰ** ਪਰਮੇਸ਼ੁਰ ਦੀ ਬਾਣੀ ਦੇ ਮੂਲ ਮੰਤਰਾਂ ਦਾ ਮੁੱਢ ਫੇਰ **ਸਿਖਾਵੇ** ਅਤੇ ਤੁਸੀਂ ਅਜੇਹੇ ਬਣ ਗਏ ਹੋ ਜੋ ਤੁਹਾਨੂੰ **ਅੰਨ ਦੀ ਨਹੀਂ** ਸਗੋਂ **ਦੁੱਧ ਦੀ ਲੋੜ** ਪਈ ਹੋਈ ਹੈ! 13 **ਹਰੇਕ ਜਿਹੜਾ ਦੁੱਧ ਹੀ ਵਰਤਦਾ ਹੈ ਉਹ ਧਰਮ ਦੇ ਬਚਨ ਤੋਂ ਅਣਜਾਣ ਹੈ ਇਸ ਲਈ ਕਿ ਨਿਆਣਾ ਹੈ**। 14 ਪਰ **ਅੰਨ ਸਿਆਣਿਆਂ** ਲਈ ਹੈ ਜਿਨ੍ਹਾਂ ਦੀਆਂ **ਗਿਆਨ ਇੰਦਰੀਆਂ ਭਲੇ ਬੁਰੇ ਦੀ ਜਾਚ ਕਰਨ ਨੂੰ ਅਭਿਆਸ ਨਾਲ ਸਾਧੀਆਂ ਹੋਈਆਂ ਹਨ**।

- ਸਾਨੂੰ ਸਾਰਿਆਂ ਨੂੰ ਆਪਣੇ ਆਤਮਿਕ ਸਿਆਣਪੁਣੇ ਦੇ ਸੰਬੰਧ ਵਿੱਚ ਆਪਣੇ ਜੀਵਨਾਂ ਦੀ ਜਾਂਚ ਕਰਨੀ ਚਾਹੀਦੀ ਹੈ। ਸੁਣਨ ਵਿੱਚ ਬੋਲੇ? ਦੂਜਿਆਂ ਨੂੰ ਸਿਖਾਉਣ ਵਾਲੇ? ਕੀ ਮੈਂ ਵਚਨ ਦਾ ਅਧਿਐਨ ਕਰਦਾ ਹਾਂ?

ਸਾਡੀ ਵੀ **ਇੱਕੋ ਗਵਾਹੀ ਹੋਣੀ ਚਾਹੀਦੀ ਹੈ**। ਸਾਡੇ ਜੀਵਨ ਇਸ ਗੱਲ ਦੀ **ਮੁਨਾਦੀ ਕਰਨ** ਕਿ ਅਸੀਂ "**ਸਮਰੱਥਾ ਵਾਲੇ ਪੁੱਤਰ ਅਤੇ ਧੀਆਂ**" ਹਾਂ

ਇਹ ਕਿਵੇਂ ਹੋ ਸਕਦਾ ਹੈ? ਇਸ ਦਾ ਉੱਤਰ ਉਸ ਦੇ ਦੁਆਰਾ ਦਿੱਤਾ ਜਾਂਦਾ ਹੈ: **ਜੋ ਤੁਹਾਡੇ ਵਿੱਚ ਹੈ** ਅਤੇ **ਜੋ ਤੁਹਾਡੇ ਉੱਤੇ ਹੈ**।

ਯੂਹੰਨਾ 14:20 ਉਸ ਦਿਨ (ਜਦੋਂ ਯਿਸੂ ਸਾਡੇ ਕੋਲ ਆਉਂਦਾ ਹੈ (ਆਇਤ 18) ਅਤੇ ਅਸੀਂ ਨਵਾਂ ਜਨਮ ਪਾਉਂਦੇ ਹਾਂ) **ਤੁਸੀਂ ਜਾਣੋਗੇ** ਭਈ (1) **ਮੈਂ ਆਪਣੇ ਪਿਤਾ ਵਿੱਚ** ਅਰ (2) **ਤੁਸੀਂ ਮੇਰੇ ਵਿੱਚ** ਅਤੇ (3) **ਮੈਂ ਤੁਹਾਡੇ ਵਿੱਚ ਹਾਂ।**

- ਸਾਡੇ ਤਰਕ ਵਾਲੇ ਦਿਮਾਗ ਕਿਸੇ ਵੀ ਤਰ੍ਹਾਂ ਨਾਲ ਇਸ ਨੂੰ ਸੰਭਵ ਵਜੋਂ ਨਹੀਂ ਵੇਖ ਸਕਦੇ (1 ਕੁਰਿੰਥੀਆਂ 2:14)। **ਪਰ ਇਹ ਇੱਕ ਆਤਮਿਕ ਸੱਚਾਈ ਹੈ।**

  ਸਾਨੂੰ ਇਸ ਉੱਤੇ ਪੂਰੀ ਤਰ੍ਹਾਂ ਨਾਲ ਵਿਸ਼ਵਾਸ ਕਰਨਾ ਚਾਹੀਦਾ ਹੈ, ਬਿਨ੍ਹਾਂ ਕਿਸੇ ਸ਼ੱਕ ਤੋਂ।

- ਅਸੀਂ ਯਿਸੂ ਵਿੱਚ ਹਾਂ / ਯਿਸੂ ਪਿਤਾ ਵਿੱਚ ਹੈ / ਇਸ ਲਈ ਅਸੀਂ ਪਿਤਾ ਵਿੱਚ ਹਾਂ / ਅਤੇ ਯਿਸੂ ਸਾਡੇ ਵਿੱਚ ਹੈ। ਇਹ ਕਿਨ੍ਹਾਂ ਅਦਭੁਤ ਹੈ??

- ਇਸ ਲਈ: **ਉਹ ਦੇ** ਵਿੱਚ **ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।** ਫਿਲਿੱਪੀਆਂ 4:13

- ਕਿਉਂਕਿ **ਕੋਈ ਬਚਨ ਪਰਮੇਸ਼ੁਰ ਦੀ ਵੱਲੋਂ ਸ਼ਕਤੀਹੀਣ ਨਾ** ਹੋਵੇਗਾ। ਲੂਕਾ 1:37

ਯੂਹੰਨਾ 14:23 ਯਿਸੂ ਨੇ ਉਹ ਨੂੰ ਉੱਤਰ ਦਿੱਤਾ, **ਜੇ** ਕੋਈ **ਮੈਨੂੰ ਪਿਆਰ ਕਰਦਾ ਹੈ** ਉਹ **ਮੇਰੇ ਬਚਨ ਦੀ ਪਾਲਨਾ** ਕਰੇਗਾ ਅਤੇ **ਮੇਰਾ ਪਿਤਾ** ਉਹ ਨੂੰ ਪਿਆਰ ਕਰੇਗਾ ਅਤੇ **ਅਸੀਂ** (ਯਿਸੂ ਅਤੇ ਸਾਡਾ ਪਿਤਾ) ਉਹ ਦੇ ਕੋਲ ਆਵਾਂਗੇ ਅਰ **ਉਹ ਦੇ ਨਾਲ ਵਾਸ** (ਸ਼ਾਬਦਿਕ -> ਨਿਵਾਸਥਾਨ ਜਾਂ ਮਹਿਲ) **ਕਰਾਂਗੇ।**

- ਅਸੀਂ ਨਿਵਾਸਥਾਨ, ਘਰ ਬਣਦੇ ਹਾਂ, ਜਿੱਥੇ ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ **ਰਹਿੰਦਾ ਹੈ** ! ! !
- ਇਸੇ ਤਰ੍ਹਾਂ ਹੋਣ ਲਈ ਤੁਹਾਨੂੰ ਬਣਾਇਆ ਗਿਆ ਹੈ ! ਸਰਬ ਉੱਚ ਪਰਮੇਸ਼ੁਰ ਦਾ ਭਵਨ! ! !

1 ਕੁਰਿੰਥੀਆਂ 3:16 **ਕੀ ਤੁਸੀਂ ਇਹ ਨਹੀਂ ਜਾਣਦੇ** ਜੋ **ਤੁਸੀਂ ਪਰਮੇਸ਼ੁਰ ਦੀ ਹੈਕਲ ਹੋ** ਅਤੇ **ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੈ?** ਇਹ ਵੀ ਵੇਖੋ: ਅਫਸੀਆਂ 2:19-22; 1 ਪਤਰਸ 2:4-45

ਯਿਸੂ ਸਾਨੂੰ ਇੱਕ ਚੰਗਾ ਪ੍ਰਸ਼ਨ ਪੁੱਛਦਾ ਹੈ: ਯੂਹੰਨਾ 14:10 **ਕੀ ਤੂੰ ਸਤ ਨਹੀਂ ਮੰਨਦਾ** ਜੋ **ਮੈਂ ਪਿਤਾ ਵਿੱਚ** ਅਰ **ਪਿਤਾ ਮੇਰੇ ਵਿੱਚ ਹੈ?** ਏਹ ਗੱਲਾਂ ਜਿਹੜੀਆਂ ਮੈਂ ਤੁਹਾਨੂੰ ਆਖਦਾ ਹਾਂ ਆਪ ਤੋਂ ਨਹੀਂ ਆਖਦਾ ਪਰ **ਪਿਤਾ ਮੇਰੇ ਵਿੱਚ ਰਹਿੰਦਿਆਂ ਆਪਣੇ ਕੰਮ ਕਰਦਾ ਹੈ।**

- ਸਾਡੇ ਵਿੱਚ ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਦੀ ਪਵਿੱਤਰ ਆਤਮਾ ਨਾਲ, ਇਹ **ਸੰਭਵ** ਹੁੰਦਾ ਹੈ ਕਿ ਏਹ ਗੱਲਾਂ ਜਿਹੜੀਆਂ **ਅਸੀਂ** ਤੁਹਾਨੂੰ ਆਖਦੇ ਹਾਂ ਆਪ ਤੋਂ ਨਹੀਂ **ਆਖਦੇ . . .**
  ਇਹੋ ਹੈ ਜਿੱਥੋਂ ਭਵਿੱਖਬਾਣੀ, ਗਿਆਨ ਅਤੇ ਬੁੱਧ ਦੀਆਂ ਗੱਲਾਂ ਆਉਂਦੀਆਂ ਹਨ।

- ਪਿਤਾ **ਸਾਡੇ ਵਿੱਚ ਰਹਿੰਦਿਆਂ ਆਪਣੇ ਕੰਮ ਕਰਦਾ ਹੈ,** ਜਾਂ ਆਪਣੇ ਕੰਮ ਸਾਡੇ ਵਿੱਚ ਅਤੇ ਸਾਡੇ ਦੁਆਰਾ ਕਰਨਾ **ਚਾਹੁੰਦਾ ਹੈ**।

11**ਮੇਰੀ ਪਰਤੀਤ ਕਰੋ** ਕਿ **ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿੱਚ ਹੈ,** ਨਹੀਂ ਤਾਂ **ਕੰਮਾਂ ਹੀ ਦੇ ਕਾਰਨ ਮੇਰੀ ਪਰਤੀਤ ਕਰੋ**।

- ਇੱਕ ਵਿਸ਼ਵਾਸੀ ਬਣੋ ! ! !

- ਚਿੰਨ੍ਹ ਅਤੇ ਚਮਤਕਾਰ, ਜਾਂ ਕੰਮ, ਕਿਸੇ ਵਿਸ਼ਵਾਸੀ ਨੂੰ ਯਿਸੂ ਉੱਤੇ ਵਿਸ਼ਵਾਸ ਵਿੱਚ ਲਿਆਉਣ ਲਈ ਬਹੁਤ ਮਹੱਤਵਪੂਰਣ ਹਨ। ਵਿਵਾਦ ਅਤੇ ਚਰਚਾ ਇਹ ਬਹੁਤ ਹੀ ਘੱਟ ਕਰਦੇ ਹਨ।

- ਅਤੇ ਯਿਸੂ ਆਖਦਾ ਹੈ: ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ। (ਯੂਹੰਨਾ 20:21) ਸਾਡੇ ਵਿੱਚ ਸਰਬ ਸ਼ਕਤੀਮਾਨ ਪਰਮੇਸ਼ੁਰ ਦੇ ਪਵਿੱਤਰ ਆਤਮਾ ਨਾਲ!

12 ਮੈਂ ਤੁਹਾਨੂੰ **ਸੱਚ ਸੱਚ** ਆਖਦਾ ਹਾਂ ਕਿ **ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ** (ਕਿਉਂਕਿ ਇਹ ਸਾਡੇ ਵਿੱਚ ਪਿਤਾ ਅਤੇ ਯਿਸੂ ਦਾ ਪਵਿੱਤਰ ਆਤਮਾ ਹੈ। ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਕੋਲ ਜਾਂਦਾ ਹਾਂ। 13 ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ **ਤਾਂ ਜੋ ਪੁੱਤਰ ਵਿੱਚ ਪਿਤਾ ਦੀ ਵਡਿਆਈ ਹੋਵੇ।**

- ਇਹੋ ਹੈ ਜਿਸ ਲਈ ਅਸੀਂ ਬਣਾਏ ਗਏ ਸੀ !

ਮੱਤੀ 10:7-8 ਅਤੇ **ਤੁਰਦੇ ਤੁਰਦੇ ਪਰਚਾਰ ਕਰ ਕੇ** ਆਖੋ ਭਈ **ਸੁਰਗ ਦਾ ਰਾਜ** ਨੇੜੇ ਆਇਆ ਹੈ। **ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ।** ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।

ਰਸੂਲਾਂ ਦੇ ਕਰਤੱਬ 1:4-8 ਅਰ ਉਨ੍ਹਾਂ ਦੇ ਨਾਲ ਇਕੱਠੇ ਹੋ ਕੇ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ ਯਰੂਸ਼ਲਮ ਤੋਂ
ਬਾਹਰ ਨਾ ਜਾਓ ਪਰ ਪਿਤਾ ਦੇ ਉਸ ਕਰਾਰ ਦੀ ਉਡੀਕ ਵਿੱਚ ਰਹੋ ਜਿਹ ਦੇ ਵਿਖੇ ਤੁਸਾਂ ਮੈਥੋਂ ਸੁਣਿਆ। **5** ਕਿਉਂ ਜੋ
ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਥੋੜੇ ਦਿਨਾਂ ਪਿੱਛੋਂ ਤੁਹਾਨੂੰ **ਪਵਿੱਤਰ ਆਤਮਾ** ਨਾਲ **ਬਪਤਿਸਮਾ ਦਿੱਤਾ
ਜਾਵੇਗਾ**। 8**ਪਰ ਜਾ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ** ਅਤੇ ਯਰੂਸ਼ਲਮ ਅਰ ਸਾਰੇ
ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ **ਗਵਾਹ ਹੋਵੋਗੇ**।

- **ਪਵਿੱਤਰ ਆਤਮਾ** ਦੀ **ਸਮਰੱਥਾ ਦਾ ਉੱਤੇ ਹੋਣਾ** – ਜੋ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਹੈ – "ਉਸ ਦੇ ਗਵਾਹ ਬਣਨ ਲਈ" ਜ਼ਰੂਰੀ ਹੈ।

- ਬਪਤਿਸਮਾ ਲੈਣਾ "ਵਿੱਚ ਡੁੱਬਣਾ" ਹੈ ਲੂਕਾ ਇਸ ਨੂੰ ਇਸ ਤਰ੍ਹਾਂ ਆਖਦਾ ਹੈ: 24:49 ਅਤੇ ਵੇਖੋ ਮੈਂ ਆਪਣੇ ਪਿਤਾ ਦਾ **ਕਰਾਰ ਤੁਹਾਡੇ ਉੱਤੇ** ਘੱਲਦਾ ਹਾਂ ਪਰ ਜਦ ਤੀਕੁਰ ਤੁਸੀਂ ਉੱਪਰੋਂ **ਸ਼ਕਤੀ ਨਾ ਪਾਓ*** ਸ਼ਹਿਰ ਵਿੱਚ ਰਹੋ। *__enduo__ (en-doo-o); ਇੱਕ ਕੱਪੜੇ ਵਿੱਚ ਡੁੱਬਣ ਦੇ ਅਰਥ ਵਿੱਚ; ਕੱਪੜਿਆਂ ਨਾਲ ਨਿਵੇਸ਼ ਕਰਨ ਲਈ

ਹਾਰੂਨ ਦੇ ਵਾਂਗ ਸਿਰ ਤੋਂ ਪੈਰਾਂ ਤੱਕ ਅਭਿਸ਼ੇਕ ਦੇ ਤੇਲ ਵਿੱਚ ਭਿੱਜਣਾ: ਏਹ ਉਸ **ਖਾਲਸ ਤੇਲ** ਦੀ ਨਿਆਈਂ ਹੈ, ਜਿਹੜਾ **ਸਿਰ ਉੱਤੋਂ** ਚੋ ਕੇ ਦਾੜ੍ਹੀ ਉੱਤੇ, ਅਰਥਾਤ ਹਾਰੂਨ ਦੀ ਦਾੜ੍ਹੀ ਉੱਤੇ ਉਤਰਿਆ, ਅਤੇ ਉਸ ਦੀ ਪੁਸ਼ਾਕ ਦੀ ਕੋਰ ਤੀਕ ਪੁੱਜਿਆ। ਜ਼ਬੂਰ 133:2

ਮਾਨਸਿਕ ਤਸਵੀਰ ਦਾ ਵਿਕਾਸ ਕਰੋ, ਆਪਣੀ ਕਲਪਨਾ ਦੀ ਵਰਤੋਂ ਕਰੋ, ਅਤੇ ਤੁਹਾਡੇ ਉੱਤੇ ਪਵਿੱਤਰ ਆਤਮਾ ਦੇ ਅਭਿਸ਼ੇਕ ਨੂੰ ਆਉਂਦਾ ਵੇਖੋ, ਤੁਹਾਨੂੰ ਢੱਕਣ ਲਈ, ਹਰ ਸਵੇਰ ਤੁਹਾਨੂੰ ਡੋਬਣ ਲਈ, ਤਾਂ ਕਿ ਤੁਹਾਡਾ ਜੀਵਨ "ਘੋਸ਼ਣਾ ਕਰ ਸਕੇ ਕਿ ਤੁਸੀਂ ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹੋ . . . ਸਮਰੱਥਾ ਨਾਲ !

ਅਤੇ, ਇਹ ਕਿ ਸਰਬ ਸ਼ਕਤੀਮਾਨ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਪਵਿੱਤਰ ਆਤਮਾ ਦੇ ਵਿਅਕਤੀਤਵ ਵਿੱਚ "ਤੁਹਾਡੇ ਵਿੱਚ" ਹਨ।

ਇਸ ਲਈ:

**ਉਹ** ਦੇ ਵਿੱਚ **ਜੋ** (ਮੇਰੇ ਵਿੱਚ ਹੈ ਅਤੇ) **ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।** ਫਿਲਿੱਪੀਆਂ 4:13 **ਮੈਂ ਸਾਰੇ ਪਾਪਾਂ ਉੱਤੇ ਜੇਤੂ ਜੀਵਨ ਗੁਜ਼ਾਰ ਸਕਦਾ ਹਾਂ – ਸਾਰੀਆਂ ਬੁਰੀਆਂ ਆਦਤਾਂ – ਸਰੀਰ ਦੀਆਂ ਸਾਰੀਆਂ ਇੱਛਾਵਾਂ . . . ਮੈਂ ਚਮਤਕਾਰ ਅਤੇ ਚੰਗਾਈਆਂ ਵੇਖਾਂਗਾ**

**ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?** ਰੋਮੀਆਂ 8:31

**ਜਿਹੜਾ ਤੁਹਾਡੇ ਵਿੱਚ ਹੈ** ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ। 1 ਯੂਹੰਨਾ 4:4

**ਹਰ ਹਥਿਆਰ ਜੋ ਤੇਰੇ ਵਿਰੁੱਧ ਬਣਾਇਆ ਜਾਵੇ ਨਿਕੰਮਾ ਹੋਵੇਗਾ** ਯਸਾਯਾਹ 54:17

ਸਗੋਂ **ਇਨ੍ਹਾਂ ਸਭਨਾਂ ਗੱਲਾਂ ਵਿੱਚ** ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫਤਹ ਪਾਉਂਦੇ ਹਾਂ। ਰੋਮੀਆਂ 8:37

ਮੁਕਦੀ ਗੱਲ, ਪ੍ਰਭੁ ਵਿੱਚ ਅਤੇ **ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ!** ਅਫਸੀਆਂ 6:10

ਇਹ ਆਇਤ ਸਾਨੂੰ ਉਤਸ਼ਾਹਿਤ ਕਰੇ:

1 ਕੁਰਿੰਥੀਆਂ 1:26-27  ਹੇ ਭਰਾਵੋ, **ਆਪਣੇ ਸੱਦੇ ਉੱਤੇ ਧਿਆਨ ਕਰੋ** ਭਈ ਸਰੀਰ ਦੇ ਅਨੁਸਾਰ ਨਾ ਤਾਂ ਬਾਹਲੇ **ਬੁੱਧਵਾਨ**, ਨਾ ਬਾਹਲੇ **ਬਲਵਾਨ**, ਨਾ ਬਾਹਲੇ **ਕੁਲੀਨ** ਸੱਦੇ ਹੋਏ ਹਨ। [27]ਸਗੋਂ ਸੰਸਾਰ ਦੇ **ਮੂਰਖਾਂ** ਨੂੰ **ਪਰਮੇਸ਼ੁਰ ਨੇ ਚੁਣ ਲਿਆ** ਭਈ ਬੁੱਧਵਾਨਾਂ ਨੂੰ ਲੱਜਿਆਵਾਨ ਕਰੇ ਅਤੇ ਸੰਸਾਰ ਦੇ **ਨਿਰਬਲਾਂ** ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ।

ਇੱਥੇ ਕੁਝ ਉਦਾਹਰਣਾਂ ਹਨ:
**ਮੂਸਾ**: "ਮੈਂ ਕੌਣ ਹਾਂ? ਮੈਂ ਚੰਗੀ ਤਰ੍ਹਾਂ ਬੋਲ ਨਹੀਂ ਸਕਦਾ ਹਾਂ। ਉਹ ਮੇਰੇ ਉੱਤੇ ਵਿਸ਼ਵਾਸ ਨਹੀਂ ਕਰਨਗੇ"। ਉਸ ਨੇ ਸੋਚਿਆ ਕਿ ਉਸ ਦਾ ਅਤੀਤ ਵਿੱਚ ਕੀਤਾ ਕਤਲ ਦਾ ਪਾਪ ਉਸ ਨੂੰ ਪਰਮੇਸ਼ੁਰ ਅਤੇ ਲੋਕਾਂ ਦੇ ਸਾਹਮਣੇ ਅਯੋਗ ਠਹਿਰਾਏਗਾ।

ਨਾ ਸ਼ਕਤੀ ਨਾਲ, ਨਾ ਬਲ ਨਾਲ, ਸਗੋਂ **ਮੇਰੇ ਆਤਮਾ ਨਾਲ**, ਸੈਨਾਂ ਦੇ ਯਹੋਵਾਹ ਦਾ ਫਰਮਾਨ ਹੈ। ਜ਼ਕਰਯਾਹ 4:6

**ਯਿਰਮਿਯਾਹ:** "ਮੈਂ ਛੋਟਾ ਹਾਂ, ਮੈਂ ਨਹੀਂ ਜਾਣਦਾ ਕਿ ਕਿਵੇਂ ਬੋਲਣਾ ਹੈ"। ਉਸ ਨੇ ਸੋਚਿਆ ਕਿ ਉਸ ਦੀ ਉਮਰ ਉਸ ਨੂੰ ਅਯੋਗ ਠਹਿਰਾਏਗੀ। ਯਹੋਵਾਹ ਨੇ ਮੈਨੂੰ ਆਖਿਆ, **ਤੂੰ ਨਾ ਆਖ ਕਿ ਮੈਂ ਛੋਕਰਾ ਹਾਂ**, ਤੂੰ ਤਾਂ ਸਾਰਿਆਂ ਕੋਲ ਜਿਨ੍ਹਾਂ ਕੋਲ **ਮੈਂ ਤੈਨੂੰ ਘੱਲਾਂਗਾ** ਜਾਵੇਂਗਾ, ਸਭ ਕੁਝ ਜੋ ਮੈਂ ਤੈਨੂੰ ਹੁਕਮ ਦਿਆਂਗਾ **ਤੂੰ ਬੋਲੇਂਗਾ**। **ਓਹਨਾਂ ਦੇ ਅੱਗਿਓਂ ਨਾ ਡਰੀਂ**, **ਮੈਂ** ਤੈਨੂੰ ਛੁਡਾਉਣ ਲਈ **ਤੇਰੇ ਅੰਗ ਸੰਗ ਜੋ ਹਾਂ**, ਯਹੋਵਾਹ ਦਾ ਵਾਕ ਹੈ।

**ਗਿਦਾਊਨ**: "ਮੇਰਾ ਘਰਾਣਾ ਛੋਟਾ ਹੈ ਅਤੇ ਮੈਂ ਸਭ ਤੋਂ ਛੋਟਾ ਹਾਂ, ਕੁਝ ਵੀ ਨਹੀਂ ਹਾਂ"। ਉਸ ਨੇ ਸੋਚਿਆ ਕਿ ਉਹ **ਮਹੱਤਵਪੂਰਣ ਨਹੀਂ ਹੈ**।

**ਨਾ ਸ਼ਕਤੀ ਨਾਲ, ਨਾ ਬਲ ਨਾਲ,** ਸਗੋਂ **ਮੇਰੇ ਆਤਮਾ ਨਾਲ**, ਸੈਨਾਂ ਦੇ ਯਹੋਵਾਹ ਦਾ ਫਰਮਾਨ ਹੈ। ਜ਼ਕਰਯਾਹ 4:6

---

ਹੋਰ ਸੱਚਾਈ:
1 ਕੁਰਿੰਥੀਆਂ 1:6-8  ਜਿਵੇਂ ਮਸੀਹ ਦੀ ਸਾਖੀ ਤੁਹਾਡੇ ਵਿੱਚ ਕਾਇਮ ਹੋਈ। ਇੱਥੋਂ ਤੀਕ ਜੋ **ਤੁਹਾਨੂੰ ਕਿਸੇ ਦਾਤ ਵਿੱਚ ਘਾਟਾ ਨਹੀਂ** ਹੈ ਜਦ ਕਿ ਤੁਸੀਂ ਸਾਡੇ ਪ੍ਰਭੂ ਯਿਸੂ ਮਸੀਹ ਦੇ ਪਰਗਟ ਹੋਣ ਦੀ ਉਡੀਕ ਕਰਦੇ ਹੋ  ਮੱਤੀ 24:14 . . . .

1 ਯੂਹੰਨਾ 2:6  ਉਹ ਜਿਹੜਾ ਆਖਦਾ ਹੈ ਭਈ **ਮੈਂ ਓਸ ਵਿੱਚ ਕਾਇਮ ਰਹਿੰਦਾ ਹਾਂ** ਤਾਂ ਚਾਹੀਦਾ ਹੈ ਭਈ ਜਿਵੇਂ ਉਹ **ਚੱਲਦਾ** ਸੀ ਤਿਵੇਂ ਆਪ ਵੀ ਚੱਲੇ।

ਉਸ ਨੇ ਬਿਮਾਰਾਂ ਨੂੰ ਚੰਗਾ ਕੀਤਾ / ਕੋੜ੍ਹੀਆਂ ਨੂੰ ਸ਼ੁੱਧ ਕੀਤਾ / ਅੰਨ੍ਹਿਆਂ ਨੂੰ ਨਿਗਾਹ ਦਿੱਤੀ / ਮੁਰਦਿਆਂ ਨੂੰ ਜਿਵਾਲਿਆ / ਹਵਾ ਨੂੰ ਰੋਕਿਆ . . . ਪਾਣੀ ਨੂੰ ਮੈ ਵਿੱਚ ਬਦਲਿਆ . . . ਰੋਟੀਆਂ ਅਤੇ ਮੱਛੀਆਂ ਨੂੰ ਵਧਾਇਆ

ਪਿਤਾ ਤੁਹਾਡੇ ਵਿੱਚ ਹੈ / ਯਿਸੂ ਦਾ ਪਵਿੱਤਰ ਆਤਮਾ ਤੁਹਾਡੇ **ਵਿੱਚ** ਹੈ / ਆਤਮਾ ਦੀਆਂ ਦਾਤਾਂ ਤੁਹਾਡੇ ਵਿੱਚ ਹਨ . . . ਅਤੇ ਪਵਿੱਤਰ ਆਤਮਾ ਤੁਹਾਡੇ **ਉੱਤੇ** ਹੈ।

## ਇਸ ਉੱਤੇ ਵਿਸ਼ਵਾਸ ਕਰੋ। ਇੱਕ ਵਿਸ਼ਵਾਸੀ ਬਣੋ।

ਪਵਿੱਤਰ ਆਤਮਾ ਜੋ ਤੁਹਾਡੇ ਵਿੱਚ ਹੈ ਉਸ ਦੀ ਅਗਵਾਈ ਦੇ ਮਗਰ ਚੱਲੋ, ਛੋਟੀ ਤੋਂ ਛੋਟੀ ਅਵਾਜ਼ ਨੂੰ ਵੀ ਸੁਣੋ ਅਤੇ ਇਸ ਦੀ ਪਾਲਣਾ ਕਰੋ . . .

ਜਿਵੇਂ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ, ਉਹ ਸਾਨੂੰ ਵੀ ਆਖਦਾ ਹੈ:

ਅਤੇ **ਤੁਰਦੇ ਤੁਰਦੇ ਪਰਚਾਰ ਕਰ** ਕੇ ਆਖੋ ਭਈ **ਸੁਰਗ ਦਾ ਰਾਜ** ਨੇੜੇ ਆਇਆ ਹੈ। **ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ।** ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ। ਮੱਤੀ 10:7-8

ਇਹ ਚਿੰਨ੍ਹਾਂ ਅਤੇ ਚਮਤਕਾਰਾਂ ਦੁਆਰਾ ਘੋਸ਼ਣਾ ਕੀਤੀ ਜਾਵੇ ਕਿ ਅਸੀਂ ਸਰਬ ਉੱਚ ਪਰਮੇਸ਼ੁਰ, ਸਾਡੇ ਪਿਤਾ ਅਤੇ ਸਾਡੇ ਪ੍ਰਭੂ ਯਿਸੂ ਮਸੀਹ ਦੇ ਪੁੱਤਰ ਅਤੇ ਧੀਆਂ ਹਾਂ।

ਇਸ ਲਈ ਆਪਣੀ **ਕਲਪਨਾ** ਦੀ ਵਰਤੋਂ ਤੁਹਾਡੇ ਵਿੱਚ ਪਿਤਾ ਪਰਮੇਸ਼ੁਰ ਅਤੇ ਯਿਸੂ ਦੇ ਪਵਿੱਤਰ ਆਤਮਾ ਦੇ **ਰਹਿਣ ਅਤੇ ਵਾਸ ਕਰਨ ਨੂੰ ਵੇਖਣ ਲਈ ਕਰੋ।**

ਇੱਥੇ ਧਰਤੀ ਉੱਤੇ ਆਪਣੇ ਆਪ ਨੂੰ **ਪਰਮੇਸ਼ੁਰ ਦੇ ਭਵਨ** ਵਜੋਂ ਵੇਖੋ। ਤੁਸੀਂ ਉਸ ਦੀ ਹਜ਼ੂਰੀ ਦੀ ਮੇਜ਼ਬਾਨੀ ਕਰਦੇ ਹੋ।

ਤੁਸੀਂ ਉਸ ਦੇ ਉਹ ਗਧੇ ਹੋ ਜਿਸ ਉੱਤੇ ਉਹ ਸ਼ਹਿਰ ਵਿੱਚ ਸਵਾਰੀ ਕਰਦਾ ਹੈ।

ਤੁਸੀਂ ਉਸ ਦੇ ਪਿਆਰ ਦੀ ਘੋਸ਼ਣਾ ਕਰਨ ਲਈ ਉਸ ਦੇ ਮੂੰਹ ਦਾ ਹਿੱਸਾ ਹੋ। ਉਸ ਦੀਆਂ ਲੱਤਾਂ ਹੋ। ਦੇਖਭਾਲ, ਫ਼ਿਕਰ, ਸਵੀਕਾਰ ਕਰਨ, ਅਤੇ ਚੰਗਈ ਲਈ ਉਸ ਦੀਆਂ ਬਾਹਾਂ ਹੋ।

**ਹਰ ਸਵੇਰ ਨੂੰ ਆਪਣਾ ਦਿਨ ਸ਼ੁਰੂ ਕਰਨ ਤੋਂ ਪਹਿਲਾਂ ਇਹ ਆਖੋ:**
ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ **ਮੈਂ ਤਾਂ ਨਹੀਂ ਜੀਉਂਦਾ** ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ **ਨਿਹਚਾ** ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ। ਗਲਾਤੀਆਂ 2:20 ਅੰਗਰੇਜ਼ੀ ਵਿੱਚ ਇਹ ਹਵਾਲਾ ਵਾਧੂ ਜਾਣਕਾਰੀ ਜੋੜ ਕੇ ਲਿਖਿਆ ਗਿਆ ਹੈ

ਹਰ ਰੋਜ਼ ਚਮਤਕਾਰ ਵੇਖਣ ਦੀ ਉਮੀਦ ਕਰੋ

ਇਹ ਘੋਸ਼ਣਾ ਕਰਨ ਲਈ ਮੌਕਿਆਂ ਦੀ ਭਾਲ ਕਰੋ ਕਿ ਤੁਸੀਂ ਸਮਰੱਥਾ ਵਾਲੇ ਪੁੱਤਰ ਅਤੇ ਧੀਆਂ ਹੋ

ਸਾਡੇ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਲਈ

ਇਸ ਬਾਰੇ ਸੋਚੋ: ਯਿਸੂ ਪਰਮੇਸ਼ੁਰ ਦਾ ਬਚਨ ਹੈ।

ਯੂਹੰਨਾ 1:1 ਆਦ ਵਿੱਚ **ਸ਼ਬਦ** ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ **ਸ਼ਬਦ ਪਰਮੇਸ਼ੁਰ ਸੀ**। ਯਿਸੂ ਪਰਮੇਸ਼ੁਰ ਦਾ ਬਚਨ ਹੈ।

ਯੂਹੰਨਾ 1:14 ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਸਾਡੇ ਵਿੱਚ ਵਾਸ ਕੀਤਾ

- ਯਿਸੂ ਦੇ ਬੋਲਣ ਨਾਲ ਅਸੰਭਵ ਚੀਜ਼ਾਂ ਵੀ ਹੋਈਆਂ।

- ਇੱਕ ਵਿਸ਼ਵਾਸੀ ਦੇ ਵਜੋਂ, **ਯਿਸੂ ਜੋ ਕਿ ਪਰਮੇਸ਼ੁਰ ਦਾ ਬਚਨ ਹੈ, ਤੁਹਾਡੇ ਵਿੱਚ ਹੈ** !

- ਹੁਣ ਇੱਕ ਵਿਸ਼ਵਾਸੀ ਦੇ ਵਜੋਂ, ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ **ਸਾਡੇ ਵਿੱਚ** *ਵਾਸ ਕੀਤਾ
  *ਇੱਕ ਮਹਿਲ ਦੇ ਵਾਂਗ ਕਬਜ਼ਾ ਕਰਨਾ, ਜਾਂ ਉਸ ਤਰ੍ਹਾਂ ਵਾਸ ਕਰਨਾ ਜਿਵੇਂ ਪਰਮੇਸ਼ੁਰ ਪੁਰਾਣੇ ਨੇਮ ਦੇ ਤੰਬੂ ਵਿੱਚ ਕਰਦਾ ਸੀ।

- ਅਤੇ ਅਸੀਂ ਪਰਮੇਸ਼ੁਰ ਦਾ ਘਰ ਬਚ ਚੁੱਕੇ ਹਾਂ !

ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ **ਮਸੀਹ ਮੇਰੇ ਵਿੱਚ ਜੀਉਂਦਾ ਹੈ** ਗਲਾਤੀਆਂ 2:20

---

ਇਸ ਲਈ, ਪਰਮੇਸ਼ੁਰ ਦਾ ਘਰ ਹੁੰਦੇ ਹੋਏ, ਆਓ ਯਾਕੂਬ ਦੇ ਸੁਫ਼ਨੇ ਬਾਰੇ ਸੋਚੀਏ

1 ਕੁਰਿੰਥੀਆਂ 10:11 ਸੋ ਏਹ ਗੱਲਾਂ ਓਹਨਾਂ ਉੱਤੇ **ਨਸੀਹਤ** ਦੇ ਲਈ ਹੋਈਆਂ ਅਤੇ **ਸਾਨੂੰ ਮੱਤ ਦੇਣ ਲਈ** ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।

ਉਤਪਤ 28:10-17 ਯਾਕੂਬ . . 11 ਅਤੇ ਇੱਕ ਥਾਂ ਤੇ ਅੱਪੜਿਆ ਅਰ ਉੱਥੇ ਰਾਤ ਕੱਟੀ . . . 12 ਅਤੇ ਇੱਕ ਸੁਫਨਾ
ਡਿੱਠਾ ਅਤੇ ਵੇਖੋ **ਪੌੜੀ** ਧਰਤੀ ਤੇ ਰੱਖੀ ਹੋਈ ਸੀ ਅਰ ਉਸ ਦੀ ਚੋਟੀ ਅਕਾਸ਼ ਤੀਕ ਸੀ ਅਰ ਵੇਖੋ ਪਰਮੇਸ਼ੁਰ ਦੇ **ਦੂਤ**
ਉਹ ਦੇ ਉੱਤੇ **ਚੜ੍ਹਦੇ ਉੱਤਰਦੇ** ਸਨ। 13 ਵੇਖੋ **ਯਹੋਵਾਹ ਉਸ ਦੇ ਕੋਲ ਖਲੋਤਾ ਸੀ** ਅਰ **ਉਸ ਆਖਿਆ, ਮੈਂ ਯਹੋਵਾਹ ਹਾਂ**
. . . 15 ਵੇਖ **ਮੈਂ ਤੇਰੇ ਅੰਗ ਸੰਗ ਹਾਂ** ਅਰ ਜਿੱਥੇ ਕਿਤੇ ਤੂੰ ਜਾਵੇਂਗਾ ਮੈਂ **ਤੇਰੀ ਰਾਖੀ ਕਰਾਂਗਾ** . . . ਜਿੰਨਾਂ ਚਿਰ ਤੀਕ
**ਆਪਣਾ ਬੋਲ** ਪੂਰਾ ਨਾ ਕਰ ਲਵਾਂ **ਤੈਨੂੰ ਨਹੀਂ ਵਿਸਾਰਾਂਗਾ**। 16 **ਫੇਰ ਯਾਕੂਬ ਆਪਣੀ ਨੀਂਦਰ ਤੋਂ ਜਾਗਿਆ** ਅਰ
ਆਖਿਆ ਸੱਚ ਮੁੱਚ **ਯਹੋਵਾਹ ਏਸ ਅਸਥਾਨ ਵਿੱਚ ਹੈ** ਪਰ ਮੈਂ ਨਾ ਜਾਤਾ। 17 ਅਤੇ ਓਸ ਭੈ ਖਾਕੇ ਆਖਿਆ ਏਹ
ਅਸਥਾਨ ਕਿੱਡਾ ਭਿਆਨਕ ਹੈ। **ਪਰਮੇਸ਼ੁਰ ਦੇ ਘਰ** ਦੇ ਬਿਨਾਂ ਏਹ ਹੋਰ ਅਸਥਾਨ ਨਹੀਂ ਹੈ ਸਗੋਂ ਏਹ ਤਾਂ **ਅਕਾਸ਼ ਦੀ ਡੇਉਢੀ** ਹੈ।

---

**ਆਇਤ** 17 **ਪਰਮੇਸ਼ੁਰ ਦੇ ਘਰ** ਦੇ ਬਿਨਾਂ ਏਹ ਹੋਰ ਅਸਥਾਨ ਨਹੀਂ ਹੈ ਸਗੋਂ ਏਹ ਤਾਂ **ਅਕਾਸ਼ ਦੀ ਡੇਉਢੀ** ਹੈ।

- ਯਾਕੂਬ ਦੇ ਉੱਥੇ ਹੋਣ ਦੇ ਕਾਰਨ ਪ੍ਰਭੂ ਪਰਮੇਸ਼ੁਰ ਵੀ ਉੱਥੇ ਸੀ।

- ਯੂਹੰਨਾ 14:23 **ਜੇ** ਕੋਈ **ਮੈਨੂੰ ਪਿਆਰ ਕਰਦਾ ਹੈ . . . ਮੇਰਾ ਪਿਤਾ** ਉਹ ਨੂੰ ਪਿਆਰ ਕਰੇਗਾ ਅਤੇ **ਅਸੀਂ** ( ਯਿਸੂ ਅਤੇ ਸਾਡਾ ਪਿਤਾ) ਉਹ ਦੇ ਕੋਲ ਆਵਾਂਗੇ ਅਰ **ਉਹ ਦੇ ਨਾਲ ਵਾਸ** (ਸ਼ਾਬਦਿਕ -> ਨਿਵਾਸਥਾਨ, **ਘਰ**) **ਕਰਾਂਗੇ।**

- ਰੋਮੀਆਂ 8:9-11 **ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੋਵੇ** (10) **ਮਸੀਹ ਤੁਹਾਡੇ ਵਿੱਚ ਹੈ** (11) **ਉਹ ਦਾ ਆਤਮਾ** ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ **ਤੁਹਾਡੇ ਵਿੱਚ ਵੱਸਦਾ ਹੈ**

- ਇਸ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ **ਅਸੀਂ ਪਰਮੇਸ਼ੁਰ ਦਾ ਘਰ ਹਾਂ।**

12 ਮੈਂ ਤੁਹਾਨੂੰ **ਸੱਚ ਸੱਚ** ਆਖਦਾ ਹਾਂ ਕਿ **ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ** ਕਿਉਂਕਿ ਪਿਤਾ ਅਤੇ ਯਿਸੂ ਦਾ ਪਵਿੱਤਰ ਆਤਮਾ ਤੁਹਾਡੇ ਵਿੱਚ ਹੈ। ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਕੋਲ ਜਾਂਦਾ ਹਾਂ।
13 ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ **ਤਾਂ ਜੋ ਪੁੱਤਰ ਵਿੱਚ ਪਿਤਾ ਦੀ ਵਡਿਆਈ ਹੋਵੇ।**

## ਧਿਆਨ ਦੇਵੋ ਅਤੇ ਇਸ ਨੂੰ ਵੇਖੋ !

**ਆਇਤ** 17 ਸਗੋਂ ਏਹ ਤਾਂ **ਅਕਾਸ਼ ਦੀ ਡੇਉਢੀ** ਹੈ।

- ਪੁਰਾਣੇ ਨੇਮ ਵਿੱਚ **ਡੇਉਢੀਆਂ** ਉਹ ਹੁੰਦੀਆਂ ਸਨ ਜਿੱਥੇ ਰਾਜੇ ਜਾਂ ਸ਼ਾਸ਼ਕ ਲੋਕਾਂ ਨਾਲ ਮਿਲਦੇ ਸਨ, ਅਤੇ ਉਨ੍ਹਾਂ ਦੇ ਫੈਸਲੇ ਪਰਗਟ ਕੀਤੇ ਜਾਂਦੇ ਸਨ, ਅਤੇ ਫਿਰ ਉਨ੍ਹਾਂ ਨੂੰ ਪੂਰਾ ਕੀਤਾ ਜਾਂਦਾ ਸੀ।
  {ਵੇਖੋ: 2 ਸਮੂਏਲ 19:8; ਯਿਰਮਿਯਾਹ 38:7-8}

ਹੁਣ ਅਸੀਂ **ਪਰਮੇਸ਼ੁਰ ਦੇ ਘਰ** ਵਜੋਂ ਇੱਕ **ਖੁੱਲ੍ਹੇ ਅਕਾਸ਼** ਨਾਲ **ਡੇਉਢੀ** ਉੱਤੇ ਪ੍ਰਭੂ ਨਾਲ **ਮਿਲਦੇ** ਹਾਂ ਅਤੇ **ਸੰਗਤੀ ਕਰਦੇ** ਹਾਂ। **ਡੇਉਢੀ ਉੱਥੇ ਹੀ ਜਿੱਥੇ ਅਸੀਂ ਹਾਂ।**

ਇਹ ਸਾਡੀ **ਪ੍ਰਾਰਥਨਾ** ਅਤੇ ਪ੍ਰਭੂ ਨਾਲ **ਸੰਗਤੀ** ਦੀ **ਮਹੱਤਤਾ** ਅਤੇ **ਤਰਜੀਹ** ਬਾਰੇ ਗੱਲ ਕਰਦਾ ਹੈ। ਜਦੋਂ ਅਸੀਂ ਪ੍ਰਾਰਥਨਾ ਕਰਦੇ **ਤੇਰਾ ਰਾਜ ਆਵੇ**, ਅਸੀਂ ਕੇਵਲ ਇਹ ਪ੍ਰਾਰਥਨਾ ਨਹੀਂ ਕਰਦੇ ਕਿ ਇਹ ਇਸ ਧਰਤੀ ਉੱਤੇ ਭਰਪੂਰੀ ਨਾਲ ਆਵੇ (ਮੱਤੀ 25:31+) ਸਗੋਂ ਇਹ ਪ੍ਰਾਰਥਨਾ ਵੀ ਕਰਦੇ ਹਾਂ ਕਿ ਹੁਣ **ਮੇਰੇ ਜੀਵਨ ਵਿੱਚ** ਭਰਪੂਰੀ ਨਾਲ ਆਵੇ। ਅਤੇ ਫਿਰ ਇਸ ਨੂੰ ਆਪਣੀ ਇੱਛਾ ਬਣਾਓ ਅਤੇ ਪ੍ਰਾਰਥਨਾ ਕਰੋ **ਤੇਰੀ ਇੱਛਾ ਪੂਰੀ ਹੋਵੇ।**

ਲੂਕਾ 17:21 ਅਤੇ ਨਾ ਓਹ ਕਹਿਣਗੇ ਭਈ ਵੇਖੋ ਐਥੇ ਯਾ ਉੱਥੇ ਹੈ ਕਿਉਂਕਿ ਵੇਖੋ **ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚੇ ਹੈ।**

ਸਾਨੂੰ ਉਸ ਦੀ ਇੱਛਾ ਨੂੰ ਪੂਰਾ ਕਰਨ ਲਈ ਆਪਣੇ ਅਧਿਕਾਰੀ ਬਾਰੇ ਸੁਚੇਤ ਹੋਣਾ, ਉਸ ਦੀ ਸੁਣਨੀ ਅਤੇ ਪਾਲਣਾ ਕਰਨੀ ਚਾਹੀਦੀ ਹੈ। (ਲੂਕਾ 6:46) ਜਿਵੇਂ ਯਿਸੂ ਨੇ ਕੀਤਾ:

ਮਰਕੁਸ 1:35 ਉਹ **ਵੱਡੇ ਤੜਕੇ** ਕੁਝ ਰਾਤ ਰਹਿੰਦਿਆਂ ਉੱਠ ਕੇ ਬਾਹਰ ਨਿੱਕਲਿਆ ਅਰ ਇੱਕ ਉਜਾੜ ਥਾਂ ਵਿੱਚ ਜਾ ਕੇ ਉੱਥੇ **ਪ੍ਰਾਰਥਨਾ** ਕੀਤੀ।

ਲੂਕਾ 9:29-36 ਅਰ **ਉਹ ਦੇ ਪ੍ਰਾਰਥਨਾ ਕਰਦਿਆਂ** ਉਹ ਦੇ ਮੂੰਹ ਦਾ ਰੂਪ ਹੋਰ ਹੀ ਹੋ ਗਿਆ ਅਤੇ ਉਹ ਦੀ ਪੁਸ਼ਾਕ ਚਿੱਟੀ ਅਤੇ ਚਮਕੀਲੀ ਹੋ ਗਈ। (ਪਰਮੇਸ਼ੁਰ ਦੀ ਹਜ਼ੂਰੀ ਵਿੱਚ ਮੂਸਾ ਅਤੇ ਉਸ ਦਾ ਮੂੰਹ ਚਮਕਿਆ। ਇਸੇ ਤਰ੍ਹਾਂ ਤੁਹਾਡੇ ਨਾਲ ਹੋਵੇਗਾ ਅਤੇ ਤੁਸੀਂ ਉਸ ਦੀ ਹਜ਼ੂਰੀ ਵਿੱਚ ਸਮਾਂ ਬਿਤਾਓਗੇ) [30] ਅਰ ਵੇਖੋ, ਦੋ ਮਨੁੱਖ ਅਰਥਾਤ ਮੂਸਾ ਅਤੇ ਏਲੀਯਾਹ ਉਸ ਨਾਲ ਗੱਲਾਂ ਕਰਦੇ ਸਨ . . . ਪਤਰਸ ਅਤੇ ਉਹ ਦੇ ਸਾਥੀ ਨੀਂਦਰ ਨਾਲ ਸੁਸਤ ਹੋਏ ਹੋਏ ਸਨ ਪਰ ਉਨ੍ਹਾਂ ਨੇ ਜਾਗਦਿਆਂ ਉਹ ਦੇ ਤੇਜ ਅਤੇ ਉਨ੍ਹਾਂ ਦੋਹਾਂ ਜਣਿਆਂ ਨੂੰ ਜਿਹੜੇ ਉਹ ਦੇ ਨਾਲ ਖੜੇ ਸਨ ਡਿੱਠਾ। [35] ਉਸ ਬੱਦਲ ਵਿੱਚੋਂ ਇੱਕ ਅਵਾਜ਼ ਇਹ ਕਹਿੰਦੀ ਆਈ ਜੋ ਇਹ ਮੇਰਾ ਪੁੱਤਰ ਹੈ, ਮੇਰਾ ਚੁਣਿਆ ਹੋਇਆ, ਇਹ ਦੀ ਸੁਣੋ।

---

ਅਧਿਕਾਰਾਂ ਅਤੇ ਸ਼ਕਤੀਆਂ ਦੀਆਂ ਵੀ "**ਡੇਉਢੀਆਂ**" ਹਨ ਜਿੱਥੇ ਉਨ੍ਹਾਂ ਦੇ ਹੁਕਮ ਦਿੱਤੇ ਜਾਂਦੇ ਹਨ।
ਪ੍ਰਸ਼ਨ ਇਹ ਹੈ -> ਅਸੀਂ ਕਿਹੜੀ ਡੇਉਢੀ ਉੱਤੇ ਆਪਣਾ ਜ਼ਿਆਦਾ ਸਮਾਂ ਬਿਤਾ ਰਹੇ ਹਾਂ???

ਮੱਤੀ 16:18-19 ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਪੱਥਰ ਉੱਤੇ **ਆਪਣੀ ਕਲੀਸਿਯਾ** ਬਣਾਵਾਂਗਾ ਅਤੇ **ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।** ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ (ਅਧਿਕਾਰ) ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।

ਦੂਸਰੇ ਸ਼ਬਦਾਂ ਵਿੱਚ: ਉਨ੍ਹਾਂ ਦੀ ਬੁੱਧ, ਅਧਿਕਾਰ ਅਤੇ ਸ਼ਕਤੀ ਦਾ ਕਲੀਸਿਯਾ ਉੱਤੇ **ਵੱਸ ਨਾ ਚੱਲੇਗਾ।** ਇਨ੍ਹਾਂ ਦੇ ਵਿਰੁੱਧ . . .

## ਸਮਰੱਥਾ ਵਾਲੇ ਪੁੱਤਰ ਅਤੇ ਧੀਆਂ

**ਜਿਹੜਾ ਤੁਹਾਡੇ ਵਿੱਚ ਹੈ** ਸੋ ਓਸ ਨਾਲੋਂ **ਵੱਡਾ ਹੈ** ਜਿਹੜਾ ਸੰਸਾਰ ਵਿੱਚ ਹੈ। 1 ਯੂਹੰਨਾ 4:4-5

**ਪਰ, ਜੇਕਰ ਅਸੀਂ ਅਜੇ ਵੀ ਬੱਚੇ ਹੀ ਹਾਂ ਤਾਂ ਅਸੀਂ ਜ਼ਿਆਦਾ ਸਮਾਂ ਗਲਤ ਡੇਉਢੀ ਉੱਤੇ ਗੁਜ਼ਾਰਦੇ ਹੋ ਸਕਦੇ ਹਾਂ . . .**
ਉਸ ਸਮੇ ਤੋਂ ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜ਼ਰੂਰ ਹੈ ਜੋ ਯਰੂਸ਼ਲਮ ਨੂੰ ਜਾਵਾਂ ਅਤੇ ਬਜ਼ੁਰਗਾਂ ਅਤੇ ਪਰਧਾਨ ਜਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁੱਖ ਝੱਲਾਂ ਅਤੇ ਮਾਰ ਦਿੱਤਾ ਜਾਵਾਂ ਅਤੇ ਤੀਏ ਦਿਨ ਜੀ ਉੱਠਾਂ। [22] ਤਦ ਪਤਰਸ ਉਹ ਨੂੰ ਇੱਕ ਪਾਸੇ ਕਰ ਕੇ ਝਿੜਕਣ ਲੱਗਾ ਅਤੇ ਉਹ ਨੂੰ ਕਿਹਾ, ਪ੍ਰਭੂ ਜੀ ਪਰਮੇਸ਼ੁਰ ਏਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ! [23] ਪਰ ਉਹ ਨੇ ਮੁੜ ਕੇ ਪਤਰਸ ਨੂੰ ਆਖਿਆ, ਹੇ ਸ਼ਤਾਨ ਮੈਥੋਂ ਪਿੱਛੇ ਹਟ! **ਤੂੰ ਮੇਰੇ ਲਈ ਠੋਕਰ ਹੈਂ ਕਿਉਂ ਜੋ ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।**

ਸਾਡਾ ਮਨ ਠੋਕਰ ਦਾ ਇੱਕ ਵੱਡਾ ਪੱਥਰ ਹੋ ਸਕਦਾ ਹੈ ਜੋ ਸਾਨੂੰ ਪਰਿਪੱਕਤਾ ਤੱਕ ਪਹੁੰਚਣ ਤੋਂ ਅਤੇ "ਸਮਰੱਥਾ ਵਾਲੇ ਪੁੱਤਰ ਜਾਂ ਧੀ" ਬਣਨ ਤੋਂ ਰੋਕਦਾ ਹੈ।

---

**ਆਇਤ** 12 **ਪੌੜੀ** ਧਰਤੀ ਤੇ ਰੱਖੀ ਹੋਈ ਸੀ ਅਰ ਉਸ ਦੀ ਚੋਟੀ ਅਕਾਸ਼ ਤੀਕ ਸੀ ਅਰ ਵੇਖੋ ਪਰਮੇਸ਼ੁਰ ਦੇ **ਦੂਤ** ਉਹ ਦੇ ਉੱਤੇ **ਚੜ੍ਹਦੇ ਉੱਤਰਦੇ** ਸਨ।

- ਉਹ **ਸਾਡੇ ਉੱਤੋਂ ਚੜ੍ਹਦੇ ਉੱਤਰਦੇ ਹਨ** ਕਿਉਂਕਿ ਅਸੀਂ ਪਰਮੇਸ਼ੁਰ ਦਾ ਘਰ ਹਾਂ ਅਤੇ **ਉਹ** ਸਾਡੇ ਵਿੱਚ ਵਾਸ ਕਰਦਾ ਹੈ।

- ਯੂਹੰਨਾ 1:51 ਫੇਰ ਉਸ ਨੂੰ ਆਖਿਆ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਤੁਸੀਂ **ਅਕਾਸ਼ ਨੂੰ ਖੁਲ੍ਹਾ** ਅਤੇ ਪਰਮੇਸ਼ੁਰ ਦੇ **ਦੂਤਾਂ** ਨੂੰ **ਮਨੁੱਖ ਪੁੱਤਰ** ਉੱਤੇ **ਚੜ੍ਹਦੇ ਅਤੇ ਉੱਤਰਦੇ** ਵੇਖੋਗੇ।

ਮੱਤੀ 3:16 ਅਤੇ ਜਾਂ ਯਿਸੂ **ਬਪਤਿਸਮਾ ਲੈ ਚੁੱਕਿਆ** ਤਾਂ ਝੱਟ ਪਾਣੀ ਤੋਂ ਉੱਪਰ ਆਇਆ ਅਤੇ ਵੇਖੋ, ਅਕਾਸ਼ ਉਹ ਦੇ ਲਈ **ਖੁੱਲ੍ਹ ਗਿਆ** ਅਤੇ ਉਹ ਨੇ ਪਰਮੇਸ਼ੁਰ ਦਾ ਆਤਮਾ ਕਬੂਤਰ ਵਾਂਙੁ ਉਤਰਦਾ ਅਤੇ ਆਪਣੇ ਉੱਤੇ ਆਉਂਦਾ ਡਿੱਠਾ। ਅਰ ਵੇਖੋ ਇੱਕ ਸੁਰਗੀ ਬਾਣੀ ਆਈ ਕਿ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸਿੰਨ ਹਾਂ।

ਜਦੋਂ ਤੁਸੀਂ ਵਿਸ਼ਵਾਸ ਕੀਤਾ ਅਤੇ ਬਪਤਿਸਮਾ ਲਿਆ ਤਾਂ **ਅਕਾਸ਼ ਤੁਹਾਡੇ ਉੱਤੇ ਖੁੱਲ੍ਹ ਗਿਆ ਸੀ** ਅਤੇ ਪਰਮੇਸ਼ੁਰ ਨੇ ਘੋਸ਼ਣਾ ਕੀਤੀ, ਇਹ ਮੇਰਾ ਪਿਆਰਾ ਪੁੱਤਰ ਜਾਂ ਧੀ ਹੈ ਜਿਸ ਤੋਂ ਮੈਂ ਬਹੁਤ ਪਰਸਿੰਨ ਹਾਂ।

- ਜਿੱਥੇ **ਪਰਮੇਸ਼ੁਰ ਦਾ ਘਰ** ਹੈ, ਉੱਥੇ ਇੱਕ **ਖੁੱਲ੍ਹਾ ਅਕਾਸ਼** ਹੈ ਜਿਸ ਨੂੰ **ਪੌੜੀ** ਲੱਗੀ ਹੋਈ ਹੈ ਅਤੇ **ਦੂਤ ਪਰਮੇਸ਼ੁਰ ਦੇ ਪੁੱਤਰ** ਉੱਤੋਂ ਦੀ ਚੜ੍ਹਦੇ ਅਤੇ ਉੱਤਰਦੇ ਹਨ, **ਜੋ ਸਾਡੇ ਵਿੱਚ ਹੈ।**

  ਇਸ ਲਈ, ਸਾਡੇ ਦੂਤ ਕੀ ਕਰ ਰਹੇ ਹਨ?

- ਜ਼ਬੂਰ 91:9-13 ਹੇ ਯਹੋਵਾਹ, ਤੂੰ ਤਾਂ ਮੇਰੀ ਪਨਾਗਾਹ ਹੈਂ,—ਤੈਂ ਅੱਤ ਮਹਾਨ ਨੂੰ **ਆਪਣੀ ਵੱਸੋਂ ਕਰ ਲਿਆ**
  **ਹੈ।** 10 ਤੇਰੇ ਉੱਤੇ ਕੋਈ ਬੁਰਿਆਈ ਨਹੀਂ ਪਵੇਗੀ, ਨਾ ਕੋਈ ਬਵਾ **ਤੇਰੇ ਡੇਰੇ** (**ਘਰ**) ਕੋਲ ਅੱਪੜੇਗੀ। 11 ਉਹ
  ਤਾਂ **ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ**, ਭਈ ਓਹ ਤੇਰਿਆਂ ਸਾਰਿਆਂ ਰਾਹਾਂ ਵਿੱਚ ਤੇਰੀ ਰੱਛਿਆ
  ਕਰਨ। 12 ਓਹ ਤੈਨੂੰ ਹੱਥਾਂ ਉੱਤੇ ਚੁੱਕ ਲੈਣਗੇ, ਮਤੇ ਪੱਥਰ ਨਾਲ ਤੇਰੇ ਪੈਰ ਨੂੰ ਸੱਟ ਲੱਗੇ। 13 ਤੂੰ ਸ਼ੀਂਹ ਅਤੇ
  ਸੱਪ ਨੂੰ ਮਿਧੇਂਗਾ, **ਤੂੰ** ਜੁਆਨ ਸ਼ੀਂਹ ਅਤੇ ਨਾਗ ਨੂੰ **ਲਤਾੜੇਂਗਾ।** (ਵੇਖੋ ਰੋਮੀਆਂ 16:20)

- ਇਬਰਾਨੀਆਂ 1:14 ਭਲਾ, ਓਹ ਸੱਭੇ **ਸੇਵਾ ਕਰਨ ਵਾਲੇ ਆਤਮੇ** ਨਹੀਂ ਜਿਹੜੇ ਮੁਕਤੀ ਦਾ ਵਿਰਸਾ ਪਾਉਣ ਵਾਲਿਆਂ ਦੀ **ਸੇਵਾ ਲਈ** ਘੱਲੇ ਜਾਂਦੇ ਹਨ?

- ਪਰਕਾਸ਼ ਦੀ ਪੋਥੀ 22:8-9 ਓਸ ਮੈਨੂੰ ਆਖਿਆ ਭਈ ਇਉਂ ਨਾ ਕਰ! ਮੈਂ ਤਾਂ ਤੇਰੇ ਅਤੇ ਨਬੀਆਂ ਦੇ ਜੋ ਤੇਰੇ ਭਰਾ ਹਨ ਅਤੇ ਓਹਨਾਂ ਦੇ ਜਿਹੜੇ ਇਸ ਪੋਥੀ ਦੀਆਂ ਗੱਲਾਂ ਦੀ ਪਾਲਨਾ ਕਰਦੇ ਹਨ **ਨਾਲ ਦਾ ਦਾਸ ਹਾਂ।** ਪਰਮੇਸ਼ੁਰ ਨੂੰ ਮੱਥਾ ਟੇਕ!

  ਦੂਤ ਸਾਡੀਆਂ ਪ੍ਰਾਰਥਨਾਵਾਂ ਨੂੰ ਅਕਾਸ਼ ਵਿੱਚ ਸਿੰਘਾਸਣ ਦੇ ਅੱਗੇ ਲੈ ਕੇ ਜਾਂਦੇ ਹਨ (ਵੇਖੋ ਪਰਕਾਸ਼ ਦੀ ਪੋਥੀ 5:8) ਅਤੇ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਲਿਆਉਣ ਲਈ ਵਾਪਸ ਆਉਂਦੇ ਹਨ ਜਾਂ ਜਿਵੇਂ ਉਤਪਤ 19:1 ਵਿੱਚ ਵੇਖਿਆ ਜਾਂਦਾ ਹੈ ਆਪਣਾ ਕੰਮ ਪੂਰਾ ਕਰਨ ਲਈ ਆਉਂਦੇ ਹਨ, ਲੂਤ ਨੂੰ ਛੁਡਾਉਣ ਲਈ।

ਬਿਲ ਜੋਹਨਸਨ ਦਾ ਹਵਾਲਾ:

"ਇੱਕ ਜੀਵਨ ਸ਼ੈਲੀ ਜਿਸ ਵਿੱਚ ਪ੍ਰਾਰਥਨਾ, ਵਿਸ਼ਵਾਸ ਅਤੇ ਅਸੰਭਵ ਨੂੰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ, ਉਸ ਵਿੱਚ ਉਹ ਪੌੜੀ ਹੁੰਦੀ ਹੈ ਜਿਸ ਉੱਤੇ ਘੱਟ ਭੀੜ ਹੈ, ਅਤੇ ਦੇਖਭਾਲ ਕਰਨ ਵਾਲੇ ਦੂਤ ਹਨ ਜਿਨ੍ਹਾਂ ਕੋਲ ਕਰਨ ਲਈ ਘੱਟ ਹੀ ਹੈ"।

---

(ਆਇਤ 13) ਵੇਖੋ **ਯਹੋਵਾਹ ਉਸ ਦੇ ਕੋਲ ਖਲੋਤਾ ਸੀ** ਅਰ ਉਸ ਆਖਿਆ, **ਮੈਂ ਯਹੋਵਾਹ** . . .

- ਇੱਕ ਦਿਨ ਸੀ ਜਿਸ ਦਿਨ ਪਰਮੇਸ਼ੁਰ ਨੇ ਆਪਣੀ ਪਛਾਣ ਤੁਹਾਡੇ ਨਾਲ ਕਰਾਈ!

- ਇਹ ਪਛਾਣ ਹਰੇਕ ਨੂੰ ਨਹੀਂ ਦਿੱਤੀ ਗਈ। ਪਰ ਜਿਨ੍ਹਾਂ ਨੂੰ ਇਹ ਦਿੱਤਾ ਗਿਆ ਹੈ ਉਨ੍ਹਾਂ ਲਈ ਇਹ ਵੱਡੀ ਬਰਕਤ ਹੈ, ਘੱਟੋ ਘੱਟ ਕਹਿਣ ਲਈ।

ਮੱਤੀ 16:16-17 ਸ਼ਮਊਨ ਪਤਰਸ ਨੇ ਉੱਤਰ ਦਿੱਤਾ, ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ। 17 ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ **ਮੇਰੇ ਪਿਤਾ** ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ **ਤੇਰੇ ਉੱਤੇ ਪਰਗਟ ਕੀਤੀ**।

ਅਫਸੀਆਂ 1:17-18 . . . ਭਈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਜਿਹੜਾ ਤੇਜ ਦਾ **ਪਿਤਾ** ਹੈ ਆਪਣੀ ਪੂਰੀ ਪਛਾਣ ਵਿੱਚ ਗਿਆਨ ਅਤੇ **ਪਰਕਾਸ਼** ਦਾ ਆਤਮਾ **ਤੁਹਾਨੂੰ ਦਾਨ ਕਰੇ।**

ਸ਼ਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਉਸ ਨੂੰ ਆਪਣਾ ਪਰਕਾਸ਼ ਅਤੇ ਗਿਆਨ ਦਿੰਦਾ ਹੈ ਜਿਸ ਨੂੰ ਉਹ ਚੁਣਦਾ ਹੈ। ਜਦੋਂ ਯਾਕੂਬ ਨੇ ਆਪਣਾ ਸੁਫ਼ਨਾ ਵੇਖਿਆ ਤਾਂ ਇਹ ਪਰਗਟ ਹੁੰਦਾ ਹੈ ਕਿ ਉਹ ਵਿਸ਼ਵਾਸੀ ਨਹੀਂ ਸੀ।

ਉਤਪਤ 28:18-22 ਯਾਕੂਬ ਸਵੇਰੇ ਉੱਠਿਆ ਅਰ ਉਸ ਪੱਥਰ ਨੂੰ ਲੈਕੇ ਜਿਹੜਾ ਉਸ ਨੇ ਸਰਹਾਣੇ ਲਈ ਰੱਖਿਆ ਸੀ
ਥੰਮ ਲਈ ਖੜਾ ਕੀਤਾ ਅਰ ਉਸ ਉੱਤੇ ਤੇਲ ਡੋਹਲਿਆ। 19 ਉਸ ਨੇ ਉਸ ਅਸਥਾਨ ਦਾ ਨਾਉਂ ਬੈਤਏਲ ਰੱਖਿਆ ਪਰ
ਪਹਿਲਾਂ ਉਸ ਨਗਰ ਦਾ ਨਾਉਂ ਲੂਜ਼ ਹੈ ਸੀ। 20 ਯਾਕੂਬ ਨੇ ਏਹ ਆਖਕੇ ਸੁੱਖਣਾ ਸੁੱਖੀ ਭਈ ਜੇ ਯਹੋਵਾਹ ਪਰਮੇਸ਼ੁਰ ਮੇਰੇ
ਅੰਗ ਸੰਗ ਹੋਵੇ ਅਰ ਇਸ ਮਾਰਗ ਵਿੱਚ ਜਿਸ ਵਿੱਚ ਮੈਂ ਤੁਰਿਆ ਜਾਂਦਾ ਹਾਂ ਮੇਰੀ ਰਾਖੀ ਕਰੇ ਅਰ ਖਾਣ ਨੂੰ ਰੋਟੀ ਅਰ
ਪਾਉਣ ਨੂੰ ਬਸਤਰ ਮੈਨੂੰ ਦੇਵੇ। 21 ਅਤੇ ਮੈਂ ਸ਼ਾਂਤੀ ਨਾਲ ਆਪਣੇ ਪਿਤਾ ਦੇ ਘਰ ਨੂੰ ਮੁੜਾਂ **ਤਾਂ ਯਹੋਵਾਹ ਮੇਰਾ ਪਰਮੇਸ਼ੁਰ
ਹੋਵੇਗਾ।**

- ਉਹ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਚੁਣਿਆ ਗਿਆ ਸੀ। ਅਫਸੀਆਂ 1:4

ਯਸਾਯਾਹ 43:1 ਹੇ ਯਾਕੂਬ, ਉਹ ਜੋ ਤੇਰਾ ਕਰਤਾਰ ਹੈ, ਹੇ ਇਸਰਾਏਲ, ਉਹ ਜੋ ਤੇਰਾ ਸਿਰਜਣਹਾਰ ਹੈ, ਯਹੋਵਾਹ ਹੁਣ ਇਉਂ ਆਖਦਾ ਹੈ, ਨਾ ਡਰ, **ਮੈਂ** ਤੇਰਾ **ਨਿਸਤਾਰਾ ਜੋ ਦਿੱਤਾ ਹੈ, ਮੈਂ ਤੇਰਾ ਨਾਉਂ ਲੈ ਕੇ ਤੈਨੂੰ ਜੋ ਬੁਲਾਇਆ ਹੈ, ਤੂੰ ਮੇਰਾ ਹੈਂ।** (ਇਸ ਵਿੱਚ ਆਪਣਾ ਨਾਮ ਪਾਓ)

---

(ਆਇਤ 15) ਵੇਖ **ਮੈਂ ਤੇਰੇ ਅੰਗ ਸੰਗ ਹਾਂ** ਅਰ ਜਿੱਥੇ ਕਿਤੇ ਤੂੰ ਜਾਵੇਂਗਾ ਮੈਂ **ਤੇਰੀ ਰਾਖੀ ਕਰਾਂਗਾ** . . . ਜਿੰਨਾਂ ਚਿਰ ਤੀਕ **ਆਪਣਾ ਬੋਲ** ਪੂਰਾ ਨਾ ਕਰ ਲਵਾਂ **ਤੈਨੂੰ ਨਹੀਂ ਵਿਸਾਰਾਂਗਾ।**

- ਮੱਤੀ 28:20 **ਮੈਂ** ਜੁਗ ਦੇ ਅੰਤ ਤੀਕਰ **ਹਰ ਵੇਲੇ ਤੁਹਾਡੇ ਨਾਲ ਹਾਂ।**

- ਫਿਲਿੱਪੀਆਂ 1:6 ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ . . . ਉਹ ਨੂੰ ਪੂਰਿਆਂ ਕਰੇਗਾ।

**ਮੈਂ ਤੇਰੀ ਰਾਖੀ ਕਰਾਂਗਾ**

- ਯੂਹੰਨਾ 10:27-28 ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ। 28 ਮੈਂ ਉਨ੍ਹਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ ਅਰ **ਉਨ੍ਹਾਂ ਦਾ ਸਦੀਪਕਾਲ ਤੀਕੁ ਕਦੇ ਨਾਸ ਨਾ ਹੋਵੇਗਾ, ਨਾ ਕੋਈ ਉਨ੍ਹਾਂ ਨੂੰ ਮੇਰੇ ਹੱਥੋਂ ਖੋਹ ਲਵੇਗਾ।**

**ਆਪਣਾ ਬੋਲ**

- ਰਸੂਲਾਂ ਦੇ ਕਰਤੱਬ 2:39 ਕਿਉਂਕਿ ਇਹ **ਕਰਾਰ ਤੁਹਾਡੇ** ਅਰ **ਤੁਹਾਡੇ ਬਾਲਕਾਂ ਦੇ ਨਾਲ** ਹੈ ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ **ਜਿੰਨਿਆਂ ਨੂੰ** ਪ੍ਰਭੁ ਸਾਡਾ ਪਰਮੇਸ਼ੁਰ ਆਪਣੇ ਕੋਲ **ਬੁਲਾਵੇ।**

- 2 ਪਤਰਸ 3:13 ਪਰ **ਉਹ ਦੇ ਬਚਨ ਦੇ ਅਨੁਸਾਰ** ਅਸੀਂ ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਉਡੀਕ ਕਰਦੇ ਹਾਂ ਜਿਨ੍ਹਾਂ ਵਿੱਚ ਧਰਮ ਵੱਸਦਾ ਹੈ।

(ਆਇਤ 16) **ਫੇਰ ਯਾਕੂਬ ਆਪਣੀ ਨੀਂਦਰ ਤੋਂ ਜਾਗਿਆ** ਅਰ ਆਖਿਆ ਸੱਚ ਮੁੱਚ **ਯਹੋਵਾਹ ਏਸ ਅਸਥਾਨ ਵਿੱਚ ਹੈ** ਪਰ **ਮੈਂ ਨਾ ਜਾਤਾ।**

- ਮੇਰੇ ਨਾਲ ਅਜਿਹਾ ਕਿੰਨੀ ਵਾਰ ਹੋਇਆ ਹੈ?? ਤੁਹਾਡੇ ਨਾਲ??

- ਸਾਡੇ ਵਿੱਚ ਅਤੇ ਸਾਡੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਦੇ ਹੋਣ ਬਾਰੇ ਅਣਜਾਣ ਹੋਣਾ ਬਹੁਤ ਅਸਾਨ ਹੈ।

- ਬਹੁਤ ਦਿਨ ਮੈਂ ਆਪਣੇ ਮਨ ਵਿੱਚ ਉਸ ਉੱਤੇ ਧਿਆਨ ਦਿੰਦੇ ਹੋਏ ਘੰਟੇ ਗੁਜ਼ਾਰ ਸਕਦਾ ਹਾਂ ਜੋ ਮੈਨੂੰ ਪੂਰਾ ਕਰਨ ਦੀ ਲੋੜ ਹੈ ਅਤੇ ਫਿਰ ਬਾਅਦ ਵਿੱਚ ਮੈਂ ਆਪਣੇ ਜੀਵਨ ਨਾਲ ਇਹ ਘੋਸ਼ਣਾ ਕਰਨ ਕਿ ਮੈਂ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ ਹਾਂ, ਦੇ ਮੌਕਿਆਂ ਦਾ ਅਹਿਸਾਸ ਕਰਦਾ ਹਾਂ ਜੋ ਮੈਂ ਗੁਆ ਦਿੱਤੇ ਹਨ।

- ਰੋਮੀਆਂ 13:11 ਅਤੇ **ਤੁਸੀਂ ਸਮਾ ਜਾਣਦੇ ਹੋ** ਜੋ ਹੁਣ **ਨੀਂਦਰ ਤੋਂ ਤੁਹਾਡੇ ਜਾਗਣ ਦਾ** ਵੇਲਾ ਆ ਪੁੱਜਿਆ ਹੈ ਕਿਉਂ ਜੋ ਜਿਸ ਵੇਲੇ ਅਸਾਂ ਨਿਹਚਾ ਕੀਤੀ ਓਸ ਵੇਲੇ ਨਾਲੋਂ ਸਾਡੀ ਮੁਕਤੀ ਹੁਣ ਨੇੜੇ ਹੈ।

- 1 ਥੱਸਲੁਨੀਕੀਆਂ 5:6 ਸੋ ਇਸ ਲਈ **ਅਸੀਂ** ਹੋਰਨਾਂ ਵਾਂਙੁ **ਨਾ ਸਵੀਏਂ** ਸਗੋਂ ਜਾਗਦੇ ਰਹੀਏ ਅਰ **ਸੁਚੇਤ ਰਹੀਏ**।

- ਮਰਕੁਸ 13:35-37 **ਸੋ ਜਾਗਦੇ ਰਹੋ** ਕਿਉਂ ਜੋ **ਤੁਸੀਂ ਨਹੀਂ ਜਾਣਦੇ ਭਈ ਘਰ ਦਾ ਮਾਲਕ** (ਇਸ ਨੂੰ ਸਮਝੋ?) **ਕਦ ਆਵੇਗਾ**, ਸੰਝ ਨੂੰ ਜਾਂ ਅੱਧੀ ਰਾਤ ਨੂੰ ਯਾ ਕੁੱਕੜ ਦੇ ਬਾਂਗ ਦੇਣ ਦੇ ਵੇਲੇ ਯਾ ਤੜਕੇ ਨੂੰ। 36 ਤਾਂ ਅਜਿਹਾ ਨਾ ਹੋਵੇ ਜੋ ਅਚਾਨਕ ਆਣ ਕੇ ਉਹ **ਤੁਹਾਨੂੰ ਸੁੱਤੇ ਵੇਖੇ।** 37 ਅਤੇ ਜੋ ਮੈਂ ਤੁਹਾਨੂੰ ਆਖਦਾ ਹਾਂ ਸੋ ਸਾਰਿਆਂ ਨੂੰ ਆਖਦਾ ਹਾਂ ਭਈ **ਜਾਗਦੇ ਰਹੋ!**

(ਆਇਤ 17) ਓਸ ਭੈ ਖਾਕੇ ਆਖਿਆ **ਏਹ ਅਸਥਾਨ ਕਿੱਡਾ ਭਿਆਨਕ ਹੈ।**

ਸਮਾਨਤਾ ਵਿੱਚ **ਉਹ ਤੁਹਾਡੇ ਬਾਰੇ ਗੱਲ ਕਰਦਾ ਹੈ -> ਤੁਸੀਂ** ਉਹ **ਭਿਆਨਕ ਸਥਾਨ ਹੋ ਜਿੱਥੇ ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਵਾਸ ਕਰਦਾ ਹੈ, ਜਿੱਥੇ ਇੱਕ ਖੁੱਲ੍ਹਾ ਅਕਾਸ਼ ਹੈ ਅਤੇ ਦੂਤ ਚੜ੍ਹਦੇ ਉੱਤਰਦੇ ਹਨ . . . ਤੁਸੀਂ ਹੋ . . .**

## ਪਰਮੇਸ਼ੁਰ ਦਾ ਘਰ !

ਇਸ ਉੱਤੇ ਵਿਸ਼ਵਾਸ ਕਰੋ ! ਇੱਕ ਵਿਸ਼ਵਾਸੀ ਦਾ ਜੀਵਨ ਬਿਤਾਓ

**ਦਿਨ ਭਰ ਆਪਣੇ ਵਿੱਚ** ਪਿਤਾ ਪਰਮੇਸ਼ੁਰ ਅਤੇ ਯਿਸੂ ਮਸੀਹ ਦੇ ਆਤਮਾ ਨੂੰ **ਰਹਿੰਦੇ ਅਤੇ ਵਾਸ ਕਰਦੇ ਹੋਏ** ਵੇਖਣ ਲਈ ਆਪਣੀ **ਕਲਪਨਾ** ਦੀ ਵਰਤੋਂ ਕਰੋ।

ਆਪਣੇ ਆਪ ਨੂੰ ਭੁੱਲੋ। ਆਪਣੀ ਸਲੀਬ ਚੱਕੋ, ਤੁਸੀਂ ਮੁਰਦੇ ਹੋ

ਕਿਉਂ ਜੋ ਤੁਸੀਂ ਮੋਏ ਅਤੇ ਤੁਹਾਡਾ ਜੀਵਨ **ਮਸੀਹ ਦੇ ਨਾਲ ਪਰਮੇਸ਼ੁਰ ਵਿੱਚ** ਗੁਪਤ ਹੋਇਆ ਹੈ। (ਕੁਲੁੱਸੀਆਂ 3:3; ਰੋਮੀਆਂ 6:3-5)

ਇਸ ਦੀ ਕਲਪਨਾ ਕਰੋ !

ਉਹ ਦਾ ਆਤਮਾ ਜਿਹ ਨੇ **ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤੁਹਾਡੇ ਵਿੱਚ ਵੱਸਦਾ ਹੈ** (ਰੋਮੀਆਂ 8:11)

ਇਸ ਲਈ . . . ਪੁਨਰ ਉਥਾਨ ਦਾ ਜੀਵਨ ਤੁਹਾਡੇ ਵਿੱਚੋਂ ਵਹੇਗਾ, **ਪਿਆਰ ਦੁਆਰਾ ਪ੍ਰੇਰਿਤ** ਹੋ ਕੇ ਉਹ ਕਰਨ ਲਈ ਜੋ ਉਸ ਨੇ ਆਪਣੇ ਚੇਲਿਆਂ ਨੂੰ ਕਰਨ ਲਈ ਆਖਿਆ:
**ਰੋਗੀਆਂ ਨੂੰ ਚੰਗਾ ਕਰਨ, ਮੁਰਦਿਆਂ ਨੂੰ ਜਿਵਾਲਣ, ਕੋੜ੍ਹੀਆਂ ਨੂੰ ਸ਼ੁੱਧ ਕਰਨ, ਭੂਤਾਂ ਨੂੰ ਕੱਢਣ ਦੁਆਰਾ ਪਰਮੇਸ਼ੁਰ ਦੇ ਰਾਜ ਦਾ ਪ੍ਰਚਾਰ ਕਰੋ।** ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ। **ਜੋ ਸੋਗ ਕਰਦੇ ਹਨ ਉਨ੍ਹਾਂ ਨੂੰ ਤਸੱਲੀ ਦਿਓ, ਗਰੀਬਾਂ ਨਾਲ ਸਾਂਝਾ ਕਰੋ, ਯਤੀਮਾਂ ਅਤੇ ਵਿਧਵਾਵਾਂ ਲਈ ਮੁਹੱਈਆਂ ਕਰਾਓ** . . . ਜਿਸ ਦੀ ਲੋੜ ਹੈ:

**ਘੋਸ਼ਣਾ ਕਰੋ** ਕਿ ਤੁਸੀਂ ਸਮਰੱਥਾ ਵਾਲੇ ਪੁੱਤਰ ਜਾਂ ਧੀ ਹੋ ਅਤੇ

## ਹਰ ਰੋਜ਼ ਚਮਤਕਾਰ ਵੇਖਣ ਦੀ ਉਮੀਦ ਕਰੋ !

ਇਸ ਉੱਤੇ ਵਿਸ਼ਵਾਸ ਕਰੋ! ਇੱਕ ਵਿਸ਼ਵਾਸੀ ਦਾ ਜੀਵਨ ਬਿਤਾਓ

### ਇਸ ਦੀ ਘੋਸ਼ਣਾ ਕਰੋ ਅਤੇ ਇਸ ਦੀ ਕਲਪਨਾ ਕਰੋ !

- ਯਿਸੂ ਮਸੀਹ ਅਤੇ ਸਰਬ ਸ਼ਕਤੀਮਾਨ ਪਿਤਾ ਪਰਮੇਸ਼ੁਰ ਦਾ ਪਵਿੱਤਰ ਆਤਮਾ ਮੇਰੇ ਵਿੱਚ ਹੈ ! ਇਸ ਲਈ . . . .

- ਪਵਿੱਤਰ ਜੀਵਨ ਜੀਉਣ ਦੀ ਸਮਰੱਥਾ ਮੇਰੇ ਵਿੱਚ ਹੈ

- ਪਿਆਰ, ਖੁਸ਼ੀ, ਸ਼ਾਂਤੀ, ਧੀਰਜ, ਦਿਆਲਗੀ, ਭਲਾਈ, ਵਫ਼ਾਦਾਰੀ, ਨਰਮਾਈ, ਸੰਜਮ ਦਾ ਜੀਵਨ ਜੀਉਣ ਲਈ ਮੇਰੇ ਵਿੱਚ ਸਮਰੱਥਾ ਹੈ।

- ਪਵਿੱਤਰ ਆਤਮਾ ਦੀਆਂ ਦਾਤਾਂ ਮੇਰੇ ਵਿੱਚ ਹਨ।

- ਪ੍ਰਭੂ ਦੇ ਆਤਮਾ ਨੇ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ, ਗੁਲਾਮਾਂ ਨੂੰ ਅਜ਼ਾਦ ਕਰਨ ਲਈ, ਅੰਨ੍ਹਿਆਂ ਨੂੰ ਨਿਗਾਹ ਦੇਣ ਲਈ, ਟੁੱਟੇ ਦਿਲਾਂ ਨੂੰ ਚੰਗਾ ਕਰਨ ਲਈ, ਬਿਮਾਰਾਂ ਨੂੰ ਚੰਗਾ ਕਰਨ ਲਈ ਅਤੇ ਇੱਥੋਂ ਤੱਕ ਕਿ ਮੁਰਦਿਆਂ ਨੂੰ ਵੀ ਜੀਉਂਦਾ ਕਰਨ ਲਈ ਮੈਨੂੰ ਮਸਹ ਕੀਤਾ ਹੈ, ਇਹ ਉਸ ਦੀ ਇੱਛਾ ਹੋਣੀ ਚਾਹੀਦੀ ਹੈ।

- **ਉਹ ਦੇ** ਵਿੱਚ **ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।** ਫਿਲਿੱਪੀਆਂ 4:13

- ਮੈਂ ਪਾਪ ਉੱਤੇ ਜੇਤੂ ਜੀਵਨ ਗੁਜ਼ਾਰ ਸਕਦਾ ਹਾਂ – ਸਾਰੀਆਂ ਬੁਰੀਆਂ ਆਦਤਾਂ ਉੱਤੇ – ਸਰੀਰ ਦੀਆਂ ਸਾਰੀਆਂ ਇੱਛਾਵਾਂ ਉੱਤੇ . . . ਮੈਂ ਚਮਤਕਾਰ ਅਤੇ ਚੰਗਾਈ ਵੇਖਾਂਗਾ

- **ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?** ਰੋਮੀਆਂ 8:31

- ਜਿਹੜਾ **ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ** ਜਿਹੜਾ ਸੰਸਾਰ ਵਿੱਚ ਹੈ। 1 ਯੂਹੰਨਾ 4:4

- **ਹਰ ਹਥਿਆਰ ਜੋ ਤੇਰੇ ਵਿਰੁੱਧ ਬਣਾਇਆ ਜਾਵੇ ਨਿਕੰਮਾ ਹੋਵੇਗਾ** ਯਸਾਯਾਹ 54:17

- ਸਗੋਂ **ਇਨ੍ਹਾਂ ਸਭਨਾਂ ਗੱਲਾਂ ਵਿੱਚ** ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫਤਹ ਪਾਉਂਦੇ ਹਾਂ। ਰੋਮੀਆਂ 8:37

- ਮੁਕਦੀ ਗੱਲ, ਪ੍ਰਭੂ ਵਿੱਚ ਅਤੇ **ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ!** ਅਫਸੀਆਂ 6:10

**ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ!**
1 ਕੁਰਿੰਥੀਆਂ 15:57